**JONJUA OVERSEAS LIMITED**
(A Company listed and traded on the BSE SME)
**CIN: L51909PB1993PLC013057**
**REGD.OFFICE: HM 228, PHASE 2, SAS NAGAR**
**MOHALI 160055 PUNJAB, INDIA.**
**E-MAIL ID: contactus@jonjua.com**
**PHONE: 0172-5096032, 4026949, 9872172032, 9988355330**
**website.www.jonjua.com**

**To,** **13th December 2024**
**BSE Limited**
**Phiroze Jeejeebhoy Towers**
**Dalal Street**
**Mumbai – 400 001**
**Scrip Code: 542446**

Dear Sir / Madam,

***Sub: Newspaper Advertisement – Disclosure under Regulation 30 and Regulation 47 of SEBI (Listing Obligations and Disclosure Requirements) Regulations, 2015 ("SEBI Listing Regulations")***
***Ref: Corrigendum advertisement to the Letter of Offer & Abridged Letter of Offer***

Pursuant to Regulation 30 & 47 of the SEBI (Listing Obligations and Disclosure Requirements) Regulations, 2015 as amended, please find enclosed copy of the newspaper publication pertaining to the Corrigendum advertisement to the Letter of Offer & Abridged Letter of Offer regarding upcoming Rights Issue of the Company.

| Name of the Newspaper | Language | Edition |
|---|---|---|
| Rozana Spokesman | Punjabi | Regional Newspaper |

Copy of the advertisement is enclosed for your record.

The Exchange is requested to take the same on record.

Thanking you,


Yours Sincerely,

*For **Jonjua Overseas Limited***

HARJINDER SINGH JONJUA
Digitally signed by HARJINDER SINGH JONJUA
Date: 2024.12.13 20:48:30 +05'30'

***Major Harjinder Singh Jonjua Retd.***
***Managing Director***
***DIN 00898324***

# ਰਾਜ ਸਭਾ 'ਚ ਚੇਅਰਮੈਨ ਵਿਰੁਧ ਨੋਟਿਸ ਤੇ ਸੋਰੋਸ ਮੁੱਦੇ 'ਤੇ ਰੇੜਕਾ ਬਰਕਰਾਰ




**ਨਵੀਂ ਦਿੱਲੀ, 12 ਦਸੰਬਰ :** ਰਾਜ ਸਭਾ ਵਿਚ ਜਗਦੀਪ ਧਨਖੜ ਨੂੰ ਚੇਅਰਮੈਨ ਦੇ ਅਹੁਦੇ ਤੋਂ ਹਟਾਉਣ ਦੇ ਨੋਟਿਸ ਅਤੇ ਅਰਬਪਤੀ ਨਿਵੇਸ਼ਕ ਜਾਰਜ ਸੋਰੋਸ ਨਾਲ ਕਾਂਗਰਸ ਦੇ ਚੋਟੀ ਦੇ ਨੇਤਾਵਾਂ ਦੇ ਸਬੰਧਾਂ ਦੇ ਦੋਸ਼ਾਂ ਨੂੰ ਲੈ ਕੇ ਵੀਰਵਾਰ ਨੂੰ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ

**ਹੰਗਾਮੇ ਕਾਰਨ ਨਹੀਂ ਚੱਲ ਸਕੀ ਸਦਨ ਦੀ ਕਾਰਵਾਈ, ਪੂਰੇ ਦਿਨ ਲਈ ਉਠੀ**

ਵਿਚਾਲੇ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਦਾ ਦੌਰ ਚੱਲਿਆ। ਇਸ ਕਾਰਨ ਹੋਏ ਹੰਗਾਮੇ ਕਾਰਨ ਉਪਰਲੇ ਸਦਨ ਦੀ ਕਾਰਵਾਈ ਇਕ ਵਾਰ ਮੁਲਤਵੀ ਹੋਣ ਬਾਅਦ ਦੁਪਹਿਰ 2.12 ਵਜੇ ਦਿਨ ਭਰ ਲਈ ਮੁਲਤਵੀ ਕਰ ਦਿਤੀ ਗਈ। ਉਪਰਲੇ ਸਦਨ ਵਿਚ ਸਿਫ਼ਰ ਕਾਲ ਦੌਰਾਨ ਚੇਅਰਮੈਨ ਨੇ ਕਿਹਾ ਕਿ ਉਨ੍ਹਾਂ ਨੂੰ ਵੱਖ-ਵੱਖ ਮੁੱਦਿਆਂ 'ਤੇ ਤੁਰਤ ਚਰਚਾ ਲਈ ਨਿਯਮ 267 ਤਹਿਤ ਕੁੱਲ ਛੇ ਨੋਟਿਸ ਮਿਲੇ ਹਨ। ਉਨ੍ਹਾਂ ਨੇ ਸਾਰੇ ਨੋਟਿਸਾਂ ਨੂੰ ਰੱਦ ਕਰ ਦਿਤਾ। ਇਸ ਤੋਂ ਬਾਅਦ ਵਿਰੋਧੀ ਧਿਰ ਦੇ ਮੈਂਬਰਾਂ ਅਤੇ ਚੇਅਰਮੈਨ ਵਿਚਾਲੇ ਕੁਝ ਹੰਗਾਮਾ ਹੋਇਆ। ਬਾਅਦ ਵਿਚ ਚੇਅਰਮੈਨ ਨੇ ਸਦਨ ਦੇ ਨੇਤਾ ਜੇਪੀ ਨੱਡਾ ਨੂੰ ਬੋਲਣ ਦਾ ਮੌਕਾ ਦਿਤਾ। ਇਸ ਨੂੰ ਲੈ ਕੇ ਵਿਰੋਧੀ ਧਿਰ ਦੇ ਮੈਂਬਰਾਂ ਵਿਚ ਹੰਗਾਮਾ ਸ਼ੁਰੂ ਹੋ ਗਿਆ। ਹੰਗਾਮੇ ਦਰਮਿਆਨ ਨੱਡਾ ਨੇ ਰਾਜ ਸਭਾ ਦੇ ਚੇਅਰਮੈਨ ਅਤੇ ਉਪ ਰਾਸ਼ਟਰਪਤੀ ਦੇ ਮੁੱਦੇ 'ਤੇ ਵਿਰੋਧੀ ਧਿਰ ਦੇ ਨੇਤਾ ਮੱਲਿਕਾਰਜੁਨ ਖੜਗੇ ਵਲੋਂ ਬੁਧਵਾਰ ਨੂੰ ਕੀਤੀ ਗਈ ਪ੍ਰੈੱਸ ਕਾਨਫ਼ਰੰਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਨਿਯਮਾਂ ਮੁਤਾਬਕ ਚੇਅਰ 'ਤੇ ਨਾ ਤਾਂ ਸਵਾਲ ਚੁੱਕਿਆ ਜਾ ਸਕਦਾ ਹੈ ਅਤੇ ਨਾ ਹੀ ਇਸ ਦੀ ਆਲੋਚਨਾ ਕੀਤੀ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ, "ਮੈਨੂੰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਕੱਲ੍ਹ ਵਿਰੋਧੀ ਧਿਰ ਦੇ ਨੇਤਾ ਖੜਗੇ ਜੀ... ਜੋ ਬਹੁਤ ਸੀਨੀਅਰ ਅਤੇ ਤਜ਼ਰਬੇਕਾਰ ਨੇਤਾ ਹਨ... ਨੇ ਇਕ ਪ੍ਰੈਸ ਕਾਨਫ਼ਰੰਸ ਕੀਤੀ ਅਤੇ ਚੇਅਰ ਦੀ ਆਲੋਚਨਾ ਕੀਤੀ।"

ਨੱਡਾ ਨੇ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਨੂੰ ਸਦਨ 'ਚ ਮੌਕਾ ਨਹੀਂ ਦਿਤਾ ਜਾਂਦਾ, ਜਦਕਿ ਚੇਅਰਮੈਨ ਨੇ ਵਿਰੋਧੀ ਧਿਰ ਦੇ ਨੇਤਾ ਨੂੰ ਕਈ ਵਾਰ ਅਪਣੇ ਚੈਂਬਰ 'ਚ ਬੁਲਾਇਆ ਪਰ ਉਹ ਨਹੀਂ ਆਏ। ਉਨ੍ਹਾਂ ਕਿਹਾ ਕਿ ਚੇਅਰ ਵਲੋਂ ਉਨ੍ਹਾਂ ਨੂੰ ਕਈ ਵਾਰ ਚਿੱਠੀਆਂ ਵੀ ਲਿਖੀਆਂ ਗਈਆਂ ਸਨ। ਉਨ੍ਹਾਂ ਕਿਹਾ, 'ਇਹ ਦਰਸਾਉਂਦਾ ਹੈ ਕਿ ਲੋਕਤੰਤਰੀ ਪਰੰਪਰਾਵਾਂ ਅਤੇ ਪ੍ਰਣਾਲੀਆਂ ਵਿਚ ਤੁਹਾਡੀ ਕਿੰਨੀ ਦਿਲਚਸਪੀ ਹੈ। ਤੁਸੀਂ ਉਸਦੀ ਕਿੰਨੀ ਇੱਜ਼ਤ ਕਰਦੇ ਹੋ। ਨੱਡਾ ਨੇ ਕਿਹਾ ਕਿ ਕਾਂਗਰਸ ਦੇ ਅਧਿਕਾਰਤ 'ਐਕਸ' ਹੈਂਡਲ ਤੋਂ ਚੇਅਰਮੈਨ ਨੂੰ 'ਚੀਅਰ ਲੀਡਰ' ਵੀ ਕਿਹਾ ਗਿਆ। ਉਨ੍ਹਾਂ ਕਿਹਾ, ਇਸ ਦੀ ਜਿੰਨੀ ਨਿੰਦਾ ਕੀਤੀ ਜਾਵੇ ਘੱਟ ਹੈ। ਖੜਗੇ ਨੇ ਕਿਹਾ ਕਿ ਸਦਨ ਦੇ ਨੇਤਾ ਨੇ ਜੋ ਕਿਹਾ ਹੈ, ਉਹ ਮੁੱਖ ਵਿਸ਼ੇ ਨੂੰ ਮੋੜਨ ਦੀ ਕੋਸ਼ਿਸ਼ ਹੈ। ਵਧਦੇ ਹੰਗਾਮੇ ਨੂੰ ਦੇਖਦੇ ਹੋਏ ਚੇਅਰਮੈਨ ਨੇ ਸਦਨ ਦੀ ਕਾਰਵਾਈ 11.32 ਵਜੇ ਦੁਪਹਿਰ 2 ਵਜੇ ਤਕ ਮੁਲਤਵੀ ਕਰ ਦਿਤੀ। ਦੁਪਹਿਰ 2 ਵਜੇ ਜਦੋਂ ਮੀਟਿੰਗ ਮੁੜ ਸ਼ੁਰੂ ਹੋਈ ਤਾਂ ਸਦਨ ਵਿਚ ਹੰਗਾਮਾਂ ਮੁੜ ਦੇਖਣ ਨੂੰ ਮਿਲਿਆ। (ਏਜੰਸੀ)


## ਵਿਰੋਧੀ ਧਿਰ ਦਾ ਗਲਾ ਘੁਟਣਾ ਰਾਜ ਸਭਾ 'ਚ ਨਿਯਮ ਬਣ ਗਿਐ : ਖੜਗੇ



**ਨਵੀਂ ਦਿੱਲੀ, 12 ਦਸੰਬਰ :** ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੇ ਵੀਰਵਾਰ ਨੂੰ ਚੇਅਰਮੈਨ ਜਗਦੀਪ ਧਨਖੜ 'ਤੇ ਸ਼ਕਤੀਆਂ ਦੀ ਦੁਰਵਰਤੋਂ ਅਤੇ ਸਰਕਾਰ ਦੀ ਚਾਪਲੂਸੀ ਕਰਨ ਦਾ ਦੋਸ਼ ਲਗਾਇਆ ਅਤੇ ਦਾਅਵਾ ਕੀਤਾ ਕਿ ਵਿਰੋਧੀ ਧਿਰ ਦਾ ਗਲਾ ਘੁੱਟਣਾ ਹੁਣ ਸਦਨ ਵਿਚ ਸੰਸਦੀ ਪ੍ਰਕਿਰਿਆ ਦਾ ਨਿਯਮ ਬਣ ਗਿਆ ਹੈ। ਕਾਂਗਰਸ ਪ੍ਰਧਾਨ ਨੇ ਇਹ ਵੀ ਦੋਸ਼ ਲਾਇਆ ਕਿ ਧਨਖੜ ਦੇ ਕਾਰਜਕਾਲ ਦੌਰਾਨ ਨਿਰਪੱਖਤਾ ਦੀ ਰਵਾਇਤ ਪੂਰੀ ਤਰ੍ਹਾਂ ਟੁੱਟ ਗਈ ਹੈ। ਵਿਰੋਧੀ ਪਾਰਟੀਆਂ ਨੇ ਧਨਖੜ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਤੋਂ ਹਟਾਉਣ ਦਾ ਪ੍ਰਸਤਾਵ ਲਿਆਉਣ ਦਾ ਨੋਟਿਸ ਦਿਤਾ ਹੈ। (ਏਜੰਸੀ)

# ਸੜਕ ਹਾਦਸਿਆਂ ਦੇ 'ਗੰਦੇ ਰਿਕਾਰਡ' ਕਾਰਨ ਵਿਸ਼ਵ ਸਮਾਗਮਾਂ 'ਚ ਲੁਕਾਉਂਦਾ ਹਾਂ ਅਪਣਾ ਮੂੰਹ : ਨਿਤਿਨ ਗਡਕਰੀ

### *ਹਰ ਸਾਲ 1.7 ਲੱਖ ਤੋਂ ਵਧ ਲੋਕਾਂ ਦੀ ਹੁੰਦੀ ਹੈ ਸੜਕ ਹਾਦਸਿਆਂ 'ਚ ਮੌਤ*



**ਨਵੀਂ ਦਿੱਲੀ, 12 ਦਸੰਬਰ :** ਕੇਂਦਰੀ ਸੜਕ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨੇ ਵੀਰਵਾਰ ਨੂੰ ਲੋਕ ਸਭਾ 'ਚ

**ਜਦੋਂ ਤਕ ਕਾਨੂੰਨ ਦਾ ਡਰ ਨਹੀਂ ਹੋਵੇਗਾ, ਉਦੋਂ ਤਕ ਸੜਕ ਹਾਦਸਿਆਂ 'ਤੇ ਰੋਕ ਨਹੀਂ ਲੱਗ ਸਕਦੀ**

ਕਿਹਾ ਕਿ ਸੜਕ ਹਾਦਸਿਆਂ ਨੂੰ ਲੈ ਕੇ ਭਾਰਤ ਦਾ ਰਿਕਾਰਡ ਇੰਨਾ 'ਗੰਦਾ' ਹੈ ਕਿ ਉਨ੍ਹਾਂ ਨੂੰ ਵਿਸ਼ਵ ਸਮਾਗਮਾਂ 'ਚ ਮੂੰਹ ਲੁਕਾਉਣਾ ਪੈਂਦਾ ਹੈ। ਉਨ੍ਹਾਂ ਸਦਨ 'ਚ ਪ੍ਰਸ਼ਨਕਾਲ ਦੌਰਾਨ ਪੂਰਕ ਪ੍ਰਸ਼ਨਾਂ ਦੇ ਉੱਤਰ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੇ ਮੰਤਰਾਲੇ ਦੀਆਂ ਕਈ ਕੋਸ਼ਿਸ਼ਾਂ ਦੇ ਬਾਵਜੂਦ ਸੜਕ ਹਾਦਸਿਆਂ 'ਚ ਕੋਈ ਕਮੀ ਨਹੀਂ ਆਈ ਸਗੋਂ ਇਸ 'ਚ ਵਾਧਾ ਹੋ ਗਿਆ। ਗਡਕਰੀ ਨੇ ਕਿਹਾ,"ਜਦੋਂ ਤੱਕ ਸਮਾਜ ਦਾ ਸਹਿਯੋਗ ਨਹੀਂ ਮਿਲੇਗਾ, ਮਨੁੱਖੀ ਰਵੱਈਆ ਨਹੀਂ ਬਦਲੇਗਾ ਅਤੇ ਕਾਨੂੰਨ ਦਾ ਡਰ ਨਹੀਂ ਹੋਵੇਗਾ, ਉਦੋਂ ਤੱਕ ਸੜਕ ਹਾਦਸਿਆਂ 'ਤੇ ਰੋਕ ਨਹੀਂ ਲੱਗੇਗੀ।" ਉਨ੍ਹਾਂ ਅਨੁਸਾਰ, ਦੇਸ਼ 'ਚ ਸੜਕ ਹਾਦਸਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਅਤੇ ਹਰ ਸਾਲ 1.7 ਲੱਖ ਤੋਂ ਵੱਧ ਲੋਕਾਂ ਦੀ ਮੌਤ ਅਜਿਹੇ ਹਾਦਸਿਆਂ 'ਚ ਹੋ ਜਾਂਦੀ ਹੈ। ਗਡਕਰੀ ਨੇ ਕਿਹਾ,"ਇੰਨੇ ਲੋਕ ਨਾ ਲੜਾਈ 'ਚ ਮਰਦੇ ਹਨ, ਨਾ ਕੋਰੋਨਾ 'ਚ ਮਰਦੇ ਹਨ ਅਤੇ ਨਾ ਹੀ ਦੰਗਿਆਂ 'ਚ ਮਰਦੇ ਹਨ।" (ਏਜੰਸੀ)

## ਡਰਾਈਵਿੰਗ ਲਾਇਸੈਂਸ ਜਾਰੀ ਕਰਨ ਦੀ ਪ੍ਰਣਾਲੀ 'ਚ ਸੁਧਾਰ ਦੀ ਲੋੜ

ਕੇਂਦਰੀ ਮੰਤਰੀ ਨੇ ਭਾਰਤ 'ਚ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਦੀ ਪ੍ਰਣਾਲੀ 'ਚ ਸੁਧਾਰ ਦੀ ਜ਼ਰੂਰਤ 'ਤੇ ਜ਼ੋਰ ਦਿਤਾ। ਉਨ੍ਹਾਂ ਕਿਹਾ,"ਦੁਨੀਆ 'ਚ ਜਿੱਥੇ ਆਸਾਨੀ ਨਾਲ ਡਰਾਈਵਿੰਗ ਲਾਇਸੈਂਸ ਮਿਲਦਾ ਹੈ, ਉਸ ਦਾ ਦੇਸ਼ ਦਾ ਨਾਂ ਭਾਰਤ ਹੈ। ਅਸੀਂ ਇਸ 'ਚ ਸੁਧਾਰ ਕਰ ਰਹੇ ਹਾਂ।" ਲੋਕ ਸਭਾ ਸਪੀਕਰ ਓਮ ਬਿਰਲਾ ਨੇ ਮੈਂਬਰਾਂ ਨੂੰ ਕਿਹਾ ਕਿ ਉਹ ਸੜਕ ਹਾਦਸੇ ਰੋਕਣ ਦੀ ਕੋਸ਼ਿਸ਼ ਕਰਨ ਅਤੇ ਸਮਾਜ ਨੂੰ ਜਾਗਰੂਕ ਕਰਨ ਦਾ ਕੰਮ ਕਰਨ। (ਏਜੰਸੀ)

## ਇਕ ਨਜ਼ਰ ...

### ਚਿਰਾਗ ਪਾਸਵਾਨ ਨੇ 'ਇਕ ਦੇਸ਼ ਇਕ ਚੋਣ' ਦੀ ਕੀਤੀ ਵਕਾਲਤ



**ਨਵੀਂ ਦਿੱਲੀ, 12 ਦਸੰਬਰ :** ਕੇਂਦਰੀ ਮੰਤਰੀ ਅਤੇ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਨੇਤਾ ਚਿਰਾਗ ਪਾਸਵਾਨ ਨੇ ਵੀਰਵਾਰ ਨੂੰ 'ਇਕ ਦੇਸ਼, ਇਕ ਚੋਣ' ਦਾ ਜ਼ੋਰਦਾਰ ਸਮਰਥਨ ਕਰਦੇ ਹੋਏ ਕਿਹਾ ਕਿ ਇਹ ਰਾਸ਼ਟਰੀ ਹਿਤ ਵਿਚ ਹੈ ਕਿਉਂਕਿ ਨਾਲ-ਨਾਲ ਚੋਣਾਂ ਕਰਵਾਉਣ ਨਾਲ ਵਿਕਾਸ ਨੂੰ ਹੁਲਾਰਾ ਮਿਲੇਗਾ। ਕੇਂਦਰੀ ਮੰਤਰੀ ਮੰਡਲ ਵਲੋਂ 'ਇਕ ਦੇਸ਼, ਇਕ ਚੋਣ' ਬਿਲ ਨੂੰ ਮਨਜ਼ੂਰੀ ਦਿਤੇ ਜਾਣ ਤੋਂ ਕੁਝ ਘੰਟੇ ਬਾਅਦ ਹੀ ਪਾਸਵਾਨ ਨੇ ਕਿਹਾ ਕਿ ਵਾਰ-ਵਾਰ ਚੋਣਾਂ ਦੇਸ਼ ਦੇ ਵਿਕਾਸ 'ਚ ਰੁਕਾਵਟ ਬਣ ਰਹੀਆਂ ਹਨ। ਉਨ੍ਹਾਂ ਕਿਹਾ, "ਇਹ (ਇਕੋ ਸਮੇਂ ਦੀਆਂ ਚੋਣਾਂ) ਦੇਸ਼ ਦੇ ਹਿਤ ਵਿਚ ਹਨ। ਇਸ ਨਾਲ ਵਿਕਾਸ ਨੂੰ ਹੁਲਾਰਾ ਮਿਲੇਗਾ।" ਪਾਸਵਾਨ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਪਾਰਟੀ ਲੰਮੇ ਸਮੇਂ ਤੋਂ ਇਕੋ ਸਮੇਂ ਚੋਣਾਂ ਕਰਵਾਉਣ ਦੇ ਸੰਕਲਪ ਦਾ ਸਮਰਥਨ ਕਰ ਰਹੀ ਹੈ।

### ਸਾਗਰਿਕਾ ਘੋਸ਼ ਨੇ ਰਿਜੀਜੂ ਵਿਰੁਧ ਦਿਤਾ ਵਿਸ਼ੇਸ਼ ਅਧਿਕਾਰ ਦੀ ਉਲੰਘਣਾ ਦਾ ਨੋਟਿਸ

**ਨਵੀਂ ਦਿੱਲੀ, 12 ਦਸੰਬਰ :** ਤ੍ਰਿਣਮੂਲ ਕਾਂਗਰਸ ਦੀ ਰਾਜ ਸਭਾ ਮੈਂਬਰ ਸਾਗਰਿਕਾ ਘੋਸ਼ ਨੇ ਵੀਰਵਾਰ ਨੂੰ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜੀਜੂ ਵਿਰੁਧ ਵਿਰੋਧੀ ਧਿਰ ਦੇ ਆਗੂਆਂ ਖ਼ਿਲਾਫ਼ ਰਾਜ ਸਭਾ ਵਿਚ ਅਪਮਾਨਜਨਕ ਟਿਪਣੀ ਕਰਨ ਲਈ ਵਿਸ਼ੇਸ਼ ਅਧਿਕਾਰ ਦੀ



ਉਲੰਘਣਾ ਦਾ ਨੋਟਿਸ ਦਿਤਾ ਹੈ। ਇਕ ਸੂਤਰ ਨੇ ਦਸਿਆ ਕਿ ਨੋਟਿਸ 'ਤੇ ਵਿਰੋਧੀ ਪਾਰਟੀਆਂ ਦੇ 60 ਮੈਂਬਰਾਂ ਨੇ ਦਸਤਖ਼ਤ ਕੀਤੇ ਹਨ। ਘੋਸ਼ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ, "ਕੱਲ੍ਹ ਸਦਨ ਵਿਚ ਵਿਰੋਧੀ ਧਿਰ ਨੂੰ ਸੰਬੋਧਤ ਕਰਦੇ ਹੋਏ ਰਿਜੀਜੂ ਨੇ ਕਿਹਾ ਕਿ ਤੁਸੀਂ ਸਾਰੇ ਇਸ ਸਦਨ ਵਿਚ ਹੋਣ ਦੇ ਲਾਇਕ ਨਹੀਂ ਹੋ। ਸੰਸਦੀ ਮਾਮਲਿਆਂ ਦੇ ਮੰਤਰੀ ਕਿਰਨ ਰਿਜੀਜੂ ਨੇ ਸੰਸਦ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅਪਣੀ ਕੋਸ਼ਿਸ਼ ਕਰਨ ਦੀ ਬਜਾਏ ਵਾਰ-ਵਾਰ ਵਿਰੋਧੀ ਧਿਰ ਦਾ ਅਪਮਾਨ ਕਰਨ ਨੂੰ ਤਰਜੀਹ ਦਿਤੀ।" (ਏਜੰਸੀ)

### ਐਨਆਈਏ ਨੇ ਜੰਮੂ-ਕਸ਼ਮੀਰ ਸਮੇਤ 19 ਥਾਵਾਂ 'ਤੇ ਕੀਤੀ ਛਾਪੇਮਾਰੀ



**ਨਵੀਂ ਦਿੱਲੀ/ਸ੍ਰੀਨਗਰ, 12 ਦਸੰਬਰ :** ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਪਾਕਿਸਤਾਨ ਦੇ ਅਤਿਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੀ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣ ਅਤੇ ਭਾਰਤ ਵਿਚ ਦਹਿਸ਼ਤ ਫੈਲਾਉਣ ਦੀ ਸਾਜ਼ਸ਼ ਦੀ ਜਾਂਚ ਦੇ ਸਬੰਧ ਵਿਚ ਵੀਰਵਾਰ ਨੂੰ ਕਈ ਰਾਜਾਂ ਵਿਚ ਛਾਪੇਮਾਰੀ ਕੀਤੀ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿਤੀ। ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਤੋਂ ਇਲਾਵਾ ਉੱਤਰ ਪ੍ਰਦੇਸ਼ ਸਮੇਤ ਤਿੰਨ ਰਾਜਾਂ 'ਚ 19 ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਜੰਮੂ-ਕਸ਼ਮੀਰ 'ਚ ਐਨਆਈਏ ਦੇ ਅਧਿਕਾਰੀਆਂ ਨੇ ਅਨੰਤਨਾਗ ਦੇ ਬਾਮਜ਼ੂ ਮੱਟਨ ਖੇਤਰ, ਬਾਰਾਮੂਲਾ ਦੇ ਕ੍ਰੀਰੀ ਅਤੇ ਬਡਗਾਮ ਜ਼ਿਲ੍ਹੇ ਦੇ ਖਾਨਸਾਹਿਬ 'ਚ ਸਵੇਰੇ ਛਾਪੇਮਾਰੀ ਕੀਤੀ। (ਏਜੰਸੀ)

### ਸੁਰੱਖਿਆ ਬਲਾਂ ਨੇ ਮੁਕਾਬਲੇ 'ਚ 7 ਨਕਸਲੀ ਕੀਤੇ ਢੇਰ

**ਨਾਰਾਇਣਪੁਰ, 12 ਦਸੰਬਰ :** ਸੁਰੱਖਿਆ ਬਲਾਂ ਨੇ ਮੁਕਾਬਲੇ 'ਚ 7 ਨਕਸਲੀਆਂ ਨੂੰ ਮਾਰ ਸੁੱਟਿਆ। ਪੁਲਿਸ ਅਧਿਕਾਰੀਆਂ ਨੇ ਇਹ ਜਾਣਕਾਰੀ ਦਿਤੀ। ਉਨ੍ਹਾਂ ਨੇ ਦਸਿਆ ਕਿ ਛੱਤੀਸਗੜ੍ਹ ਦੇ ਨਕਸਲ ਪ੍ਰਭਾਵਤ ਨਾਰਾਇਣਪੁਰ ਜ਼ਿਲ੍ਹੇ ਦੇ ਅਬੂਝਮਾੜ ਖੇਤਰ 'ਚ ਸੁਰੱਖਿਆ ਫ਼ੋਰਸਾਂ ਨੇ ਮੁਕਾਬਲੇ 7 ਨਕਸਲੀਆਂ ਨੂੰ ਮਾਰ ਸੁੱਟਿਆ। ਉਨ੍ਹਾਂ ਦਸਿਆ ਕਿ ਇਸ ਮਹੀਨੇ ਦੀ 10 ਤਾਰੀਖ਼ ਨੂੰ ਨਾਰਾਇਣਪੁਰ, ਦੰਤੇਵਾੜਾ, ਜਗਦਲਪੁਰ ਅਤੇ ਕੋਂਡਾਗਾਂਵ ਜ਼ਿਲ੍ਹੇ ਤੋਂ ਜ਼ਿਲ੍ਹਾ ਰਿਜ਼ਰਵ ਫ਼ੋਰਸ 'ਡੀਆਰਜੀ', ਐਸਟੀਐਫ਼ (ਵਿਸ਼ੇਸ਼ ਕਾਰਜ ਫ਼ੋਰਸ), ਸੀ.ਆਰ.ਪੀ.ਐਫ਼. ਦੇ ਸਾਂਝੇ ਦਲ ਨੂੰ ਦੱਖਣੀ ਅਬੂਝਮਾੜ ਖੇਤਰ 'ਚ ਨਕਸਲ ਵਿਰੋਧੀ ਮੁਹਿੰਮ 'ਚ ਰਵਾਨਾ ਕੀਤਾ ਗਿਆ ਸੀ। (ਏਜੰਸੀ)

# ਹਾਥਰਸ 'ਚ ਬਲਾਤਕਾਰ ਪੀੜਤਾ ਦੇ ਪਰਵਾਰ ਨੂੰ ਮਿਲੇ ਰਾਹੁਲ ਗਾਂਧੀ

### ਕਿਹਾ, ਭਾਜਪਾ ਸਰਕਾਰ ਨੇ ਪੀੜਤ ਪਰਵਾਰ ਨਾਲ ਕੀਤਾ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ



**ਹਾਥਰਸ, 12 ਦਸੰਬਰ :** ਕਾਂਗਰਸ ਨੇਤਾ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਵੀਰਵਾਰ ਨੂੰ ਜ਼ਿਲ੍ਹੇ ਦੇ ਚਾਂਦਪਾ ਇਲਾਕੇ 'ਚ ਪਹੁੰਚੇ। ਸਾਲ 2020 ਵਿਚ ਇੱਥੇ ਇਕ ਦਲਿਤ ਲੜਕੀ ਨਾਲ ਬਲਾਤਕਾਰ ਹੋਇਆ ਸੀ। ਬਾਅਦ ਵਿਚ ਇਲਾਜ ਦੌਰਾਨ ਪੀੜਤ ਦੀ ਮੌਤ ਹੋ ਗਈ ਸੀ। ਕਾਂਗਰਸ ਸਾਂਸਦ ਰਾਹੁਲ ਗਾਂਧੀ ਨੇ ਪੀੜਤ ਪਰਵਾਰ ਨਾਲ ਮੁਲਾਕਾਤ ਕੀਤੀ ਅਤੇ ਕਰੀਬ 35 ਮਿੰਟ ਉਨ੍ਹਾਂ ਨਾਲ ਬਿਤਾਏ। ਇਸ ਦੌਰਾਨ ਰਾਹੁਲ ਨੇ ਪਰਵਾਰ ਦੀਆਂ ਸਮੱਸਿਆਵਾਂ ਸੁਣੀਆਂ। ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਚੰਦਰਗੁਪਤ ਵਿਕਰਮਾਦਿਤਿਆ ਮੁਤਾਬਕ ਪੀੜਤ ਪਰਵਾਰ ਨੇ ਰਾਹੁਲ ਗਾਂਧੀ ਨੂੰ ਮਿਲਣ ਦੀ ਇੱਛਾ ਪ੍ਰਗਟਾਈ ਸੀ। ਰਾਹੁਲ ਪਰਵਾਰ ਦੇ ਸੱਦੇ 'ਤੇ ਉਨ੍ਹਾਂ ਨੂੰ ਮਿਲਣ ਆਏ ਸਨ। ਜਦੋਂ ਕਾਂਗਰਸੀ ਆਗੂ ਪੀੜਤ ਦਲਿਤ ਲੜਕੀ ਦੇ ਪਰਵਾਰ ਨੂੰ ਮਿਲਣ ਲਈ ਉਸ ਦੇ ਘਰ ਪੁੱਜੇ ਤਾਂ ਉਨ੍ਹਾਂ ਮੀਡੀਆ ਤੋਂ ਦੂਰੀ ਬਣਾਈ ਰੱਖੀ। ਇਸ ਤੋਂ ਬਾਅਦ ਰਾਹੁਲ ਗਾਂਧੀ ਨੇ 'ਐਕਸ' 'ਤੇ ਕਿਹਾ, "ਅੱਜ ਮੈਂ ਹਾਥਰਸ ਗਿਆ ਅਤੇ ਚਾਰ ਸਾਲ ਪਹਿਲਾਂ ਵਾਪਰੀ ਸ਼ਰਮਨਾਕ ਅਤੇ ਮੰਦਭਾਗੀ ਘਟਨਾ ਦੇ ਪੀੜਤ ਪਰਵਾਰ ਨਾਲ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਨੇ ਜੋ ਗੱਲਾਂ ਕਹੀਆਂ, ਉਨ੍ਹਾਂ ਨੇ ਮੈਨੂੰ ਹੈਰਾਨ ਕਰ ਦਿਤਾ। ਪੂਰਾ ਪਰਵਾਰ ਅੱਜ ਵੀ ਡਰ ਦੇ ਸਾਏ ਹੇਠ ਜੀਅ ਰਿਹਾ ਹੈ। ਉਨ੍ਹਾਂ ਨਾਲ ਅਪਰਾਧੀਆਂ ਵਾਂਗ ਵਿਵਹਾਰ ਕੀਤਾ ਜਾ ਰਿਹਾ ਹੈ। ਉਹ ਸੁਤੰਤਰ ਤੌਰ 'ਤੇ ਘੁੰਮ ਨਹੀਂ ਸਕਦੇ - ਉਨ੍ਹਾਂ ਨੂੰ ਹਰ ਸਮੇਂ ਬੰਦੂਕਾਂ ਅਤੇ ਕੈਮਰਿਆਂ ਨਾਲ ਨਿਗਰਾਨੀ ਹੇਠ ਰਖਿਆ ਜਾਂਦਾ ਹੈ। ਕਾਂਗਰਸੀ ਆਗੂ ਨੇ ਕਿਹਾ, 'ਭਾਜਪਾ ਸਰਕਾਰ ਨੇ ਪੀੜਤ ਪਰਵਾਰ ਨਾਲ ਜੋ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਹੋਏ।' (ਏਜੰਸੀ)

### ਰਾਜਸਥਾਨ 'ਚ ਬੋਰਵੈੱਲ 'ਚ ਡਿੱਗਣ ਕਾਰਨ ਬੱਚੇ ਦੀ ਮੌਤ



**ਜੈਪੁਰ, 12 ਦਸੰਬਰ :** ਪ੍ਰਸ਼ਾਸਨਿਕ ਅਧਿਕਾਰੀਆਂ, ਐਨਡੀਆਰਐਫ਼ ਦੇ ਜਵਾਨਾਂ ਅਤੇ ਸਥਾਨਕ ਲੋਕਾਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਬੋਰਵੈੱਲ ਵਿਚ ਡਿੱਗੇ ਪੰਜ ਸਾਲਾ ਬੱਚੇ ਨੂੰ ਸੁਰੱਖਿਅਤ ਨਹੀਂ ਬਚਾਇਆ ਜਾ ਸਕਿਆ। 56 ਘੰਟਿਆਂ ਦੀ ਲਗਾਤਾਰ ਕੋਸ਼ਿਸ਼ ਤੋਂ ਬਾਅਦ ਜਦੋਂ ਉਹ ਬੁਧਵਾਰ ਦੇਰ ਰਾਤ ਬੱਚੇ ਦੇ ਕੋਲ ਪਹੁੰਚੇ ਤਾਂ ਉਸ ਦੀ ਮੌਤ ਹੋ ਚੁੱਕੀ ਸੀ। ਇਹ ਘਟਨਾ ਸੋਮਵਾਰ ਦੁਪਹਿਰ ਨੂੰ ਦੌਸਾ ਜ਼ਿਲ੍ਹੇ ਦੇ ਕਲੀਖੜ ਪਿੰਡ 'ਚ ਵਾਪਰੀ ਜਦੋਂ ਪੰਜ ਸਾਲ ਦਾ ਆਰੀਅਨ ਖੇਤ 'ਚ ਖੇਡ ਰਿਹਾ ਸੀ ਅਤੇ ਅਪਣੀ ਮਾਂ ਦੇ ਸਾਹਮਣੇ ਖੁਲ੍ਹੇ ਬੋਰਵੈੱਲ 'ਚ ਡਿੱਗ ਗਿਆ। (ਏਜੰਸੀ)

### ਬੈਂਗਲੁਰੂ ਦੇ ਇੰਜੀਨੀਅਰ ਦੇ ਖ਼ੁਦਕੁਸ਼ੀ ਮਾਮਲੇ 'ਤੇ ਬੋਲੀ ਕੰਗਨਾ ਰਣੌਤ

## ਰਿਸ਼ਤੇ 'ਚ 99 ਫ਼ੀ ਸਦੀ ਗ਼ਲਤੀਆਂ ਬੰਦਿਆਂ ਦੀਆਂ ਹੁੰਦੀਆਂ ਹਨ

**ਨਵੀਂ ਦਿੱਲੀ, 12 ਦਸੰਬਰ :** ਬੀਤੇ ਦਿਨੀਂ ਬੈਂਗਲੁਰੂ ਦੇ ਇੰਜੀਨੀਅਰ ਅਤੁਲ ਸੁਭਾਸ਼ ਵਲੋਂ ਖ਼ੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ



ਸੀ। ਆਤਮਹਤਿਆ ਕਰਨ ਤੋਂ ਪਹਿਲਾਂ ਅਤੁਲ ਸੁਭਾਸ਼ ਵਲੋਂ ਬਣਾਈ ਗਈ ਵੀਡੀਓ ਵਿਚੇ ਉਸ ਨੇ ਹੈਰਾਨੀਜਨਕ ਪ੍ਰਗਟਾਵੇ ਕੀਤੇ ਤੇ ਅਪਣੀ ਮੌਤ ਦੇ ਜ਼ਿੰਮੇਵਾਰ ਲੋਕਾਂ ਦਾ ਵੀ ਜ਼ਿਕਰ ਕੀਤਾ। ਇਹ ਮਾਮਲਾ ਲੋਕਾਂ ਨੂੰ ਹੈਰਾਨ ਕਰ ਰਿਹਾ ਹੈ। ਲੋਕਾਂ ਦੇ ਮਨਾਂ ਵਿਚ ਇਹ ਸਵਾਲ ਵੀ ਉੱਠਦਾ ਹੈ ਕਿ ਸਾਡੇ ਸਮਾਜ ਵਿਚ ਮਰਦਾਂ ਨੂੰ ਇਨਸਾਫ਼ ਕਿਉਂ ਨਹੀਂ ਮਿਲਦਾ ?ਇਸ ਦੌਰਾਨ ਭਾਜਪਾ ਸੰਸਦ ਕੰਗਨਾ ਰਣੌਤ ਦਾ ਇਕ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਮੈਂ ਹੈਰਾਨ ਹਾਂ। ਉਸ ਦੀ ਵੀਡੀਉ ਦਿਲ ਦਹਿਲਾ ਦੇਣ ਵਾਲਾ ਹੈ। ਮਸਲਾ ਕਮਿਊਨਿਜ਼ਮ, ਸਮਾਜਵਾਦ ਅਤੇ ਨਾਰੀਵਾਦ ਨਾਲ ਭਰਿਆ ਹੋਇਆ ਹੈ। ਕਰੋੜਾਂ ਰੁਪਏ ਦੀ ਵਸੂਲੀ ਜੋ ਉਨ੍ਹਾਂ ਦੀ ਸਮਰੱਥਾ ਤੋਂ ਬਾਹਰ ਸੀ, ਨਿੰਦਣਯੋਗ ਹੈ। ਫਿਰ ਵੀ, ਅਸੀਂ ਦੂਜੀਆਂ ਔਰਤਾਂ 'ਤੇ ਜ਼ੁਲਮ ਕਰਨ ਲਈ ਇਕ ਗ਼ਲਤ ਔਰਤ ਦੀ ਮਿਸਾਲ ਨਹੀਂ ਵਰਤ ਸਕਦੇ। ਪਤੀ-ਪਤਨੀ ਦੇ ਰਿਸ਼ਤੇ ਵਿਚ 99% ਗ਼ਲਤੀਆਂ ਬੰਦਿਆਂ ਦੀਆਂ ਹੁੰਦੀਆਂ ਹਨ। (ਏਜੰਸੀ)

## ਗੋਲਡੀ ਬਰਾੜ, ਲਾਰੈਂਸ ਦੇ ਸਾਥੀ ਰੋਹਿਤ ਗੋਦਰਾ ਨੇ ਗੁਰੂਗ੍ਰਾਮ ਦੇ ਕਲੱਬ ਦੇ ਬਾਹਰ ਹੋਏ ਧਮਾਕੇ ਦੀ ਲਈ ਜ਼ਿੰਮੇਵਾਰੀ

### ਕਿਹਾ, ਚੰਡੀਗੜ੍ਹ ਤੇ ਗੁਰੂਗ੍ਰਾਮ ਵਿਚ ਹੋਏ ਬੰਬ ਧਮਾਕੇ ਤਾਂ ਸਿਰਫ਼ ਇਕ 'ਟਰੇਲਰ' ਸਨ



**ਗੁਰੂਗ੍ਰਾਮ, 12 ਦਸੰਬਰ :** ਗੈਂਗਸਟਰ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਦੇ ਸਾਥੀ ਰੋਹਿਤ ਗੋਦਾਰਾ ਨੇ ਇਸ ਹਫ਼ਤੇ ਦੇ ਸ਼ੁਰੂ ਵਿਚ ਸੈਕਟਰ 29 ਵਿਚ ਇਕ ਕਲੱਬ ਦੇ ਬਾਹਰ ਹੋਏ ਬੰਬ ਧਮਾਕੇ ਦੀ ਜ਼ਿੰਮੇਵਾਰੀ ਲਈ ਹੈ। ਗੋਦਾਰਾ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਕਿਹਾ ਕਿ ਚੰਡੀਗੜ੍ਹ ਅਤੇ ਗੁਰੂਗ੍ਰਾਮ ਵਿਚ ਹੋਏ ਬੰਬ ਧਮਾਕੇ ਸਿਰਫ਼ ਇਕ 'ਟਰੇਲਰ' ਸਨ। ਉਸ ਨੇ ਡਾਂਸ ਬਾਰ ਅਤੇ ਕਲੱਬ ਸੰਚਾਲਕਾਂ 'ਤੇ ਜੂਏ ਅਤੇ ਹਵਾਲਾ ਲੈਣ-ਦੇਣ ਰਾਹੀਂ ਕਰੋੜਾਂ ਰੁਪਏ ਕਮਾ ਕੇ ਗ਼ਰੀਬਾਂ ਦਾ ਸ਼ੋਸ਼ਣ ਕਰਨ ਅਤੇ ਟੈਕਸ ਚੋਰੀ ਕਰਨ ਦਾ ਦੋਸ਼ ਲਗਾਇਆ। ਗੋਦਾਰਾ ਨੇ ਇਕ ਪੋਸਟ ਵਿਚ ਕਿਹਾ, "ਸਾਰਿਆਂ ਨੂੰ ਰਾਮ-ਰਾਮ ਜੈ ਸ਼੍ਰੀ ਰਾਮ। ਮੈਂ ਰੋਹਿਤ ਗੋਦਾਰਾ ਬੀਕਾਨੇਰ ਗੋਲਡੀ ਬਰਾੜ ਨੇ ਦੋ ਦਿਨ ਪਹਿਲਾਂ ਚੰਡੀਗੜ੍ਹ ਅਤੇ ਗੁਰੂਗ੍ਰਾਮ ਦੇ ਸੈਕਟਰ 29 ਵਿਚ ਦੋ ਕਲੱਬਾਂ ਦੇ ਬਾਹਰ ਬੰਬ ਧਮਾਕੇ ਕੀਤੇ ਹਨ।" ਉਸ ਨੇ ਕਿਹਾ, "ਜੂਏ, ਸੱਟੇਬਾਜ਼, ਹਵਾਲਾ ਵਪਾਰੀ ਅਤੇ ਡਾਂਸ ਕਲੱਬ ਜੋ ਰੋਜ਼ਾਨਾ ਕਰੋੜਾਂ ਰੁਪਏ ਕਮਾ ਰਹੇ ਹਨ, ਸਾਰਿਆਂ ਨੂੰ ਟੈਕਸ ਦੇਣਾ ਪਵੇਗਾ। ਇਹ ਤੁਹਾਡੇ ਕੰਨ ਖੋਲ੍ਹਣ ਲਈ ਇਕ ਛੋਟਾ ਜਿਹਾ ਪ੍ਰਦਰਸ਼ਨ ਹੈ। ਅਸੀਂ ਇਸ ਤੋਂ ਵੀ ਵੱਡਾ ਧਮਾਕਾ ਕਰ ਸਕਦੇ ਹਾਂ ਜੋ ਅਜਿਹੇ ਡਾਂਸ ਕਲੱਬਾਂ ਨੂੰ ਤਬਾਹ ਕਰ ਦੇਵੇਗਾ। ਉਸ ਨੇ ਅਪਰੇਟਰਾਂ ਨੂੰ ਅਪਣੀ ਪੋਸਟ ਰਾਹੀਂ ਧਮਕੀਆਂ ਦਿਤੀਆਂ ਅਤੇ ਗੰਭੀਰ ਨਤੀਜੇ ਭੁਗਤਣ ਦੀ ਚੇਤਾਵਨੀ ਦਿਤੀ। (ਏਜੰਸੀ)

### ਭਾਰਤੀ ਵਾਯੂਯਾਨ ਬਿਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ

**ਨਵੀਂ ਦਿੱਲੀ, 12 ਦਸੰਬਰ :** ਭਾਰਤ 'ਚ ਜਹਾਜ਼ਾਂ ਦੇ ਡਿਜ਼ਾਈਨ ਅਤੇ ਨਿਰਮਾਣ ਨਾਲ ਜੁੜੇ ਭਾਰਤੀ ਵਾਯੂਯਾਨ ਬਿਲ ਨੂੰ ਰਾਸ਼ਟਰਪਤੀ



ਦ੍ਰੋਪਦੀ ਮੁਰਮੂ ਦੀ ਮਨਜ਼ੂਰੀ ਮਿਲ ਗਈ ਹੈ। ਭਾਰਤੀ ਵਾਯੂਯਾਨ ਬਿਲ 90 ਸਾਲ ਪੁਰਾਣੇ ਜਹਾਜ਼ ਐਕਟ ਦਾ ਸਥਾਨ ਲਵੇਗਾ। ਬਿਲ ਨੂੰ ਇਸ ਮਹੀਨੇ ਦੇ ਸ਼ੁਰੂ 'ਚ ਸੰਸਦ ਤੋਂ ਮਨਜ਼ੂਰੀ ਮਿਲੀ ਸੀ। 11 ਦਸੰਬਰ ਨੂੰ ਜਾਰੀ ਕੀਤੀ ਗਈ ਨੋਟੀਫ਼ਿਕੇਸ਼ਨ ਅਨੁਸਾਰ ਬਿਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲ ਗਈ ਹੈ। ਕਾਨੂੰਨ ਅਤੇ ਨਿਆਂ ਮੰਤਰਾਲਾ ਵਲੋਂ ਜਾਰੀ ਨੋਟੀਫ਼ਿਕੇਸ਼ਨ 'ਚ ਕਿਹਾ ਗਿਆ ਹੈ,"ਐਕਟ 'ਚ ਜਹਾਜ਼ ਦੇ ਡਿਜ਼ਾਈਨ, ਨਿਰਮਾਣ, ਸਾਂਭ-ਸੰਭਾਲ, ਕਬਜ਼ੇ, ਉਪਯੋਗ, ਸੰਚਾਲਨ, ਵਿਕਰੀ, ਨਿਰਯਾਤ ਅਤੇ ਆਯਾਤ ਦੇ ਨਿਯਮ ਅਤੇ ਕੰਟਰੋਲ ਅਤੇ ਇਸ ਨਾਲ ਸਬੰਧਤ ਜਾਂ ਇਸ ਦੇ ਪ੍ਰਾਸੰਗਿਕ ਮਾਮਲਿਆਂ ਦਾ ਪ੍ਰਬੰਧ ਹੈ।" (ਏਜੰਸੀ)

## ਰਾਸ਼ਟਰਪਤੀ ਮੁਰਮੂ ਨੇ ਨੇਪਾਲ ਦੇ ਫ਼ੌਜ ਮੁਖੀ ਨੂੰ ਕੀਤਾ ਸਨਮਾਨਤ



**ਨਵੀਂ ਦਿੱਲੀ, 12 ਦਸੰਬਰ :** ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਵੀਰਵਾਰ ਨੂੰ ਇੱਥੇ ਆਯੋਜਤ ਇਕ ਸਮਾਰੋਹ ਵਿਚ ਨੇਪਾਲ ਦੇ ਫ਼ੌਜ ਮੁਖੀ ਜਨਰਲ ਅਸ਼ੋਕ ਰਾਜ ਸਿਗਡੇਲ ਨੂੰ ਭਾਰਤੀ ਫ਼ੌਜ ਦੇ ਜਨਰਲ ਦਾ ਆਨਰੇਰੀ ਰੈਂਕ ਪ੍ਰਦਾਨ ਕੀਤਾ। ਰਾਸ਼ਟਰਪਤੀ ਦਫ਼ਤਰ ਵਲੋਂ ਜਾਰੀ ਬਿਆਨ ਅਨੁਸਾਰ ਸਿਗਡੇਲ ਨੂੰ ਉਨ੍ਹਾਂ ਦੀ ਸ਼ਲਾਘਾਯੋਗ ਫ਼ੌਜੀ ਕਾਬਲੀਅਤ ਅਤੇ ਭਾਰਤ ਨਾਲ ਨੇਪਾਲ ਦੇ ਲੰਮੇ ਸਮੇਂ ਦੇ ਅਤੇ ਦੋਸਤਾਨਾ ਸਬੰਧਾਂ ਨੂੰ ਅੱਗੇ ਵਧਾਉਣ ਵਿਚ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਲਈ ਇਹ ਸਨਮਾਨ ਦਿਤਾ ਗਿਆ ਹੈ। ਸਾਲ 1950 ਤੋਂ ਨੇਪਾਲ ਅਤੇ ਭਾਰਤ ਦੇ ਸੈਨਾ ਮੁਖੀਆਂ ਨੂੰ ਆਨਰੇਰੀ ਜਨਰਲ ਦੀ ਉਪਾਧੀ ਪ੍ਰਦਾਨ ਕਰਨ ਦੀ ਇਕ ਵਿਲੱਖਣ ਪਰੰਪਰਾ ਰਹੀ ਹੈ। ਸਮਾਰੋਹ ਵਿਚ ਭਾਰਤੀ ਫ਼ੌਜ ਦੇ ਜਨਰਲ ਦੇ ਆਨਰੇਰੀ ਰੈਂਕ ਨਾਲ ਸਨਮਾਨਤ ਕੀਤਾ ਗਿਆ। (ਏਜੰਸੀ)

## ਮਾਂ ਨੂੰ ਬੱਚੇ ਨਾਲ ਨਾ ਮਿਲਣ ਦੇਣਾ ਬੇਰਹਿਮੀ ਦੇ ਬਰਾਬਰ : ਹਾਈ ਕੋਰਟ



**ਮੁੰਬਈ, 12 ਦਸੰਬਰ :** ਬੰਬੇ ਹਾਈ ਕੋਰਟ ਨੇ ਮੰਨਿਆ ਹੈ ਕਿ ਬੱਚੇ ਨੂੰ ਅਪਣੀ ਮਾਂ ਨੂੰ ਮਿਲਣ ਦੀ ਇਜਾਜ਼ਤ ਨਾ ਦੇਣਾ ਭਾਰਤੀ ਦੰਡ ਵਿਧਾਨ ਦੇ ਤਹਿਤ 'ਬੇਰਹਿਮੀ' ਦੇ ਬਰਾਬਰ ਹੈ ਅਤੇ ਜਾਲਨਾ ਦੀ ਇਕ ਔਰਤ ਦੇ ਸਹੁਰੇ ਪਰਵਾਰ ਵਿਰੁਧ ਦਰਜ ਐਫ਼ਆਈਆਰ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿਤਾ ਹੈ। ਜਸਟਿਸ ਵਿਭਾ ਕੰਕਨਵਾੜੀ ਅਤੇ ਰੋਹਿਤ ਜੋਸ਼ੀ ਦੇ ਔਰੰਗਾਬਾਦ ਬੈਂਚ ਨੇ 11 ਦਸੰਬਰ ਦੇ ਅਪਣੇ ਫ਼ੈਸਲੇ ਵਿਚ ਕਿਹਾ ਕਿ ਹੇਠਲੀ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਔਰਤ ਦੀ ਚਾਰ ਸਾਲ ਦੀ ਧੀ ਨੂੰ ਉਸ ਤੋਂ ਦੂਰ ਰਖਿਆ ਜਾ ਰਿਹਾ ਹੈ। ਅਦਾਲਤ ਨੇ ਕਿਹਾ, "ਚਾਰ ਸਾਲ ਦੀ ਬੱਚੀ ਨੂੰ ਉਸ ਦੀ ਮਾਂ ਤੋਂ ਦੂਰ ਰੱਖਣਾ ਵੀ ਮਾਨਸਿਕ ਤਸ਼ੱਦਦ ਦੇ ਬਰਾਬਰ ਹੈ ਜੋ ਕਿ ਬੇਰਹਿਮੀ ਦੇ ਬਰਾਬਰ ਹੈ ਕਿਉਂਕਿ ਇਸ ਨਾਲ ਮਾਂ ਦੀ ਮਾਨਸਿਕ ਸਿਹਤ ਨੂੰ ਗੰਭੀਰ ਨੁਕਸਾਨ ਹੋਵੇਗਾ।" (ਏਜੰਸੀ)


**ਉੱਤਰ ਰੇਲਵੇ**

**ਨਿਵਿਦਾ ਸੂਚਨਾ**

**ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਸੱਦਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਜਗਾਧਰੀ ਵਰਕਸ਼ਾਪ-135002 ਦੁਆਰਾ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾਵਾਂ ਦੇ ਮਾਧਿਅਮ ਨਾਲ ਮੰਗ ਕੀਤੀ ਜਾਂਦੀ ਹੈ:-

| ਲੜੀ ਨੰਬਰ | ਨਿਵਿਦਾ ਨੰਬਰ | ਸੰਖੇਪ ਵੇਰਵਾ | ਮਾਤਰਾ | ਬੰਦ ਹੋਣ ਦੀ ਮਿਤੀ |
|---|---|---|---|---|
| 1. | 61246406A | ਕਿਟ ਫਾਰ ਮਾਡਿਫਿਕੇਸ਼ਨ ਆਫ ਜੰਕਸ਼ਨਬਾਕਸ ਬਾਕਸ ਅਸੇਂਬਲੀ | 161 ਸੇਟਸ | 31 ਦਸੰਬਰ 2024 |

ਨਿਵਿਦਾ ਸ਼ਰਤਾਂ 1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in 'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਆਫਰ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।

ਟੇਂਡਰ ਨੋਟਿਸ ਨੰਬਰ :— 61246406A 3811/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**JONJUA OVERSEAS LIMITED**

**Registered Office:** 545, Jubilee Walk Sector 70 Mohali, Chandigarh Sector 71, Rupnagar, S.A.S. Nagar (Mohali), Punjab, India, 160071;
**Telephone:** +91 9872172032; **Email:** contactus@jonjua.com; **Website:** www.jonjua.com;
**Contact Person:** Ms. Vaishali Rani, Company Secretary and Compliance Officer;
**Corporate Identification Number:** L51909PB1993PLC013057

This is only an advertisement for information purposes and not for publication, distribution or release directly or indirectly outside India. This notice does not constitute an offer or invitation or inducement to purchase or sell or to subcribe for, any new securities of the Company. All capitalized terms used and not defined here shall have the meanining assigned to them in the Letter of Offer dated November 26, 2024 filed with BSE Limited ("BSE" or "Stock Exchange") and with SEBI for information and dissemination purposes.

**CORRIGENDUM TO LETTER OF OFFER & ABRIDGED LETTER OF OFFER DATED NOVEMBER 26, 2024**
**FOR THE ATTENTION OF SHAREHOLDERS OF JONJUA OVERSEAS LIMITED**

The Company through this Corrigendum to the Letter of Offer & Abridged Letter of Offer wishes to bring to the notice of the Shareholders the following amendments:

- Under the heading ***"On Market Renunciation"*** in page 174 of the Letter of Offer and in page 9 of the Abridged Letter of Offer and under the heading "***Trading of the Rights Entitlements"*** in page 168 of the Letter of Offer and page 8 of the Abridged Letter of Offer, the market lot of trading of Rights Entitlements to be read as **"4082 Rights Entitlements"** instead of "One Rights Entitlements" i.e., **"The market lot for trading of Rights Entitlements is 4082 Rights Entitlement."**
- Under the heading ***"Issue Schedule"*** in page 181 of the Letter of Offer, the note to be read as "The above timetable is indicative in nature and does not constitute any obligation on the Company. While our Company shall ensure that all the steps for completion of all the necessary formalities for the listing and trading of our equity shares on the **SME platform of BSE** is taken within the prescribed timelines, the time table may change due to various factors such as extension of the issue period by the Company or any delay in receiving final listing and trading approval from the BSE. The Commencement of the trading of Equity shares will be entirely at the discretion of BSE in accordance with the applicable laws."

The Company has intimated the corrigendum to the Stock Exchange on December 11, 2024. A copy of the corrigendum will also be made available on the Company's website at www.jonjua.com.

For **JONJUA OVERSEAS LIMITED**
Sd/-
**Vaishali Rani**
**Company Secretary & Compliance Officer**

Place: Punjab, Mohali
Date: December 11, 2024



**ਉੱਤਰ ਰੇਲਵੇ**

**ਖੁਲੀ ਟੈਂਡਰ ਸੂਚਨਾ ਨੰਬਰ**
**ETrU-T-16-2023-24-04, ETrU-T-08-2024-25 & ETrU-T-09-2024-25**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਕ.ਵਿ./ਉੱਤਰ ਰੇਲਵੇ, ਅੰਬਾਲਾ ਛਾਵਣੀ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮਾਂ ਦੇ ਲਈ ਈ-ਟੈਂਡਰਿੰਗ ਦੇ ਦੁਵਰਾ ਤੋਂ ਟੈਂਡਰਾਂ ਮੰਗ ਕਰਦੇ ਹਨ। ਇਨ੍ਹਾਂ ਟੈਂਡਰਾਂ ਨੂੰ ਹਰੇਕ ਕੰਮ ਦੇ ਅੱਗੇ ਦਸੀ ਗਈ ਮਿਤੀ ਨੂੰ **15:00 ਵਜੇ** ਤਕ www.ireps.gov.in ਉਤੇ ਅਪਲੋਡ ਕੀਤਾ ਜਾਂ ਸਕਦਾ ਹੈ। ਇਨ੍ਹਾਂ ਦੇ **15:00 ਵਜੇ** ਦੇ ਉਪਰਾਂਤ ਤੁਰੰਤ ਖੋਲਿਆ ਜਾਵੇਗਾ।

| |
|---|
| **ਲ. ਨੰ: 1 : ਟੈਂਡਰ ਨੰਬਰ :** ETru-T-16-2023-24-04 |
| **ਕੰਮ ਦਾ ਵੇਰਵਾ :** 25 ਕੇਵੀ ਏਸੀ 50 ਹਰਟਜ ਓਐਚਈ ਦਾ ਡਿਜਾਇਨ, ਆਪੂਰਤੀ, ਪਰੀਖਸ਼ਣ ਅਤੇ ਕਮੀਸ਼ਨਿੰਗ ਦੇ ਸਬੰਧ ਵਿਚ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ ਯਮੁਨਾਨਗਰ ਜਗਾਧਰੀ, ਅੰਬਾਲਾ ਸਿਟੀ, ਮੋਹਾਲੀ, ਕਾਲਕਾ ਅਤੇ ਪਟਿਆਲਾ ਰੇਲਵੇ ਸਟੇਸ਼ਨ ਉਤੇ 12.00 ਮੀਟਰ ਚੌੜੇ ਐਫਓਬੀ ਦਾ ਪ੍ਰਾਵਧਾਨ ਲਈ ਕੰਮ। |
| **ਟੈਂਡਰ ਬੰਦ / ਖੁਲਣ ਦੀ ਮਿਤੀ :** 02.01.2025 |
| **ਲਗਭਗ ਲਾਗਤ : ਰੁ:** 1,10,57,429.57/- |
| **ਬਿਆਨਾ ਰਾਸ਼ੀ : ਰੁ:** 2,05,300/- |
| **ਕੰਮ ਪੂਰਾ ਕਰਨ ਦਾ ਸਮਾਂ :** 06 ਮਹੀਨੇ |
| **ਵੈਧਤਾ ਸਮਾਂ :** 60 ਦਿਨ |
| **ਟੈਂਡਰ ਫਾਰਮ ਦੀ ਕੀਮਤ :** Downloading through IREPS portal -NIL, (Rs. 5,000/- Sr.DEE/TRD/UMB ऑफिस से हार्ड कॉपी के लिए) |
| **ਲ. ਨੰ: 2 : ਟੈਂਡਰ ਨੰਬਰ :** ETru-T-08-2024-25 |
| **ਕੰਮ ਦਾ ਵੇਰਵਾ :** ਮੋਰਿੰਡਾ, ਕੁਰਾਲੀ, ਭਰਤਗੜ੍ਹ ਅਤੇ ਕੀਰਤਪੁਰ ਸਾਹਿਬ ਰੇਲਵੇ ਸਟੇਸ਼ਨ ਉਤੇ ਮਾਲ ਸ਼ੇਡਾਂ ਦੇ ਉਨਨਯਨ/ਆਧੁਨਿਕੀਕਰਣ ਦੇ ਨਾਲ 50 ਹਰਟਜ, ਇਕ ਚਰਣ 25 ਕੇਵੀ ਏਸੀ ਓਐਚਈ ਦਾ ਡਿਜਾਇਨ, ਆਪੂਰਤੀ, ਨਿਰਮਾਣ, ਪਰੀਖਸ਼ਣ ਅਤੇ ਕਮੀਸ਼ਨਿੰਗ ਲਈ ਕੰਮ। |
| **ਟੈਂਡਰ ਬੰਦ / ਖੁਲਣ ਦੀ ਮਿਤੀ :** 02.01.2025 |
| **ਲਗਭਗ ਲਾਗਤ : ਰੁ:** 43,25,115.32/- |
| **ਬਿਆਨਾ ਰਾਸ਼ੀ : ਰੁ:** 86,500/- |
| **ਕੰਮ ਪੂਰਾ ਕਰਨ ਦਾ ਸਮਾਂ :** 04 ਮਹੀਨੇ |
| **ਵੈਧਤਾ ਸਮਾਂ :** 60 ਦਿਨ |
| **ਟੈਂਡਰ ਫਾਰਮ ਦੀ ਕੀਮਤ :** Downloading through IREPS portal -NIL, (Rs. 3,000/- Sr.DEE/TRD/UMB ऑफिस से हार्ड कॉपी के लिए) |
| **ਲ. ਨੰ: 3 : ਟੈਂਡਰ ਨੰਬਰ :** ETru-T-09-2024-25 |
| **ਕੰਮ ਦਾ ਵੇਰਵਾ :** ਅੰਬਾਲਾ ਡਵੀਜਨ ਦੇ ਆਰਪੀਜੇ-ਬੀਟੀਆਈ ਸੈਕਸ਼ਨ ਵਿਚ ਪ੍ਰਸਤਾਵਿਤ 130 ਕੇਐਮਪੀਐਚ ਰੂਟ ਉਤੇ 20000 ਤੋਂ ਜ਼ਿਆਦਾ ਟੀਵੀਯੂ ਵਾਲੇ ਐਲਸੀ ਗੇਟਾਂ ਦੀ ਇੰਟਰਲਾਕਿੰਗ ਦੇ ਲਈ ਐਲ-ਏਕਸਿੰਗ ਨੰਬਰ 93 ਸੀ (ਵੀਐਨਐਨ-ਐਚਵਾਈਏ), 108 ਸੀ (ਟੀਪੀਏ-ਪੀਯੂਐਲ), 114 ਸੀ (ਟੀਪੀਏ-ਪੀਯੂਐਲ) ਅਤੇ ਸੀ 45 (ਐਨਬੀਏ-ਸੀਟੀਡਬਲੂ) ਸੈਕਸ਼ਨ ਦੇ ਇੰਟਰਲਾਕਿੰਗ ਦੇ ਲਈ 50 ਹਰਟਜ, ਸਿੰਗਲ ਫੇਜ 25 ਕੇਵੀ ਏਸੀ ਓਐਚਈ ਦੀ ਡਿਜਾਇਨ, ਆਪੂਰਤੀ, ਸਥਾਪਨਾ, ਪਰੀਖਸ਼ਣ ਅਤੇ ਕਮੀਸ਼ਨਿੰਗ ਲਈ ਕੰਮ। |
| **ਟੈਂਡਰ ਬੰਦ / ਖੁਲਣ ਦੀ ਮਿਤੀ :** 02.01.2025 |
| **ਲਗਭਗ ਲਾਗਤ : ਰੁ:** 15,32,712.35/- |
| **ਬਿਆਨਾ ਰਾਸ਼ੀ : ਰੁ:** 30,700/- |
| **ਕੰਮ ਪੂਰਾ ਕਰਨ ਦਾ ਸਮਾਂ :** 04 ਮਹੀਨੇ |
| **ਵੈਧਤਾ ਸਮਾਂ :** 60 ਦਿਨ |
| **ਟੈਂਡਰ ਫਾਰਮ ਦੀ ਕੀਮਤ :** Downloading through IREPS portal -NIL, (Rs. 2,000/- Sr.DEE/TRD/UMB ऑफिस से हार्ड कॉपी के लिए) |

1. ਟੈਂਡਰਕਾਰ ਨੂੰ ਸਾਰੇ ਜ਼ਰੂਰੀ ਦਸਤਾਵੇਜ ਅਤੇ PAN/GSTIN ਦੀ Scanned Copies IREPS ਪੋਰਟਲ ਉਤੇ ਅਪਲੋਡ ਕਰਨੀ ਹੈ। 2. ਟੈਂਡਰਕਾਰ ਦੇ ਕੋਲ ਈ-ਟੈਂਡਰ ਵਿਚ ਭਾਗ ਲੈਣ ਦੇ ਲਈ ਕਲਾਸ-III Digital Signature Certificate ਹੋਣੀ ਚਾਹੀਦੀ। 3. ਕੰਮ ਵਿਚ GST, BOCWW, Income Tax ਅਤੇ ਨਿਯਮਾਨੁਸਾਰ ਜ਼ਰੂਰੀ ਟੈਕਸ ਲਾਗੂ ਹੋਣਗੇ। 4. ਕੰਮ ਨੂੰ ਸਿਮੀਲਰ ਨੇਚਰ ਕੰਡੀਸ਼ਨਰ ਲਾਗੂ ਹੈ ਅਤੇ ਇਸ ਪ੍ਰਕਾਰ ਹੈ : ਲ.ਨੰ: 1 ਵਿਚ **"Design, supply, erection, testing & commissioning of 50Hz, single phase 25 KV AC OHE"** ਅਤੇ ਲ.ਨੰ: 2 & 3 ਵਿਚ "-NA-" 5. ਟੈਂਡਰ ਡਾਕਯੂਮੈਂਟ ਅਤੇ ਟੈਂਡਰ ਸੂਚਨਾ ਦੀ ਪੂਰੀ ਜਾਣਕਾਰੀ ਦੇ ਲਈ ਰੇਲਵੇ ਵੇਬਸਾਈਟ www.ireps.gov.in ਉਤੇ ਜਾਉ।

ਨੰ: ETrU-T-16-2023-24-4, ETrU-T-08-2024-25 & ETrU-T-09-2024-25
ਮਿਤੀ : 12.12.2024 3814/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ